ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

**ਡਿਪਟੀ ਕਮਿਸ਼ਨਰ ਨੇ ਮੋਬਾਈਲ ਸਾਇੰਸ ਪ੍ਰਦਰਸ਼ਨੀ ਬੱਸ ਨੂੰ ਝੰਡੀ ਦੇ ਕੇ ਕੀਤਾ ਰਵਾਨਾ**

- **ਪੰਜਾਬ ਸਰਕਾਰ ਦਾ ਵਿਦਿਆਰਥੀਆਂ 'ਚ ਵਿਗਿਆਨ ਪ੍ਰਤੀ ਰੁਚੀ ਪੈਦਾ ਕਰਨ ਦਾ ਵਿਸ਼ੇਸ਼ ਉਪਰਾਲਾ-ਡਿਪਟੀ ਕਮਿਸ਼ਨਰ**

ਮੋਗਾ 8 ਫਰਵਰੀ:

ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ 'ਚ ਵਿਗਿਆਨ ਪ੍ਰਤੀ ਰੁਚੀ ਪੈਦਾ ਕਰਨ ਅਤੇ ਵਿਗਿਆਨ ਵਿਸ਼ੇ ਪ੍ਰਤੀ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।

ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਮੋਗਾ ਸ. ਕੁਲਦੀਪ ਸਿੰਘ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਮੋਬਾਈਲ ਸਾਇੰਸ ਪ੍ਰਦਰਸ਼ਨੀ ਬੱਸ ਨੂੰ ਝੰਡੀ ਦੇ ਕੇ ਰਵਾਨਾ ਕਰਨ ਸਮੇਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ) ਡਾ: ਬਲਦੇਵ ਸਿੰਘ ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਮੋਗਾ ਨਿਸ਼ਾਨ ਸਿੰਘ ਸੰਧੂ ਵੀ ਮੌਜੂਦ ਸਨ।

ਸ. ਕੁਲਦੀਪ ਸਿੰਘ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਵਿਗਿਆਨ ਤੇ ਤਕਨਾਲੋਜੀ ਵਿਭਾਗ ਅਤੇ ਸ੍ਰੀ ਇੰਦਰ ਕੁਮਾਰ ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਵੱਲੋਂ 'ਮੋਬਾਈਲ ਵਿਗਿਆਨ ਪ੍ਰਦਰਸ਼ਨੀ ਬੱਸ' ਰਾਹੀਂ ਸਿੱਖਿਆ ਵਿਭਾਗ ਦੇ ਵਿਦਿਆਰਥੀਆਂ ਨੂੰ ਵਿਗਿਆਨ ਪ੍ਰਤੀ ਰੁਚਿਤ ਕਰਨ ਹਿਤ ਪ੍ਰੋਜੈਕਟ ਆਰੰਭਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ 'ਮੋਬਾਈਲ ਵਿਗਿਆਨ ਪ੍ਰਦਰਸ਼ਨੀ ਬੱਸ' ਰਾਹੀਂ ਸਕੂਲਾਂ 'ਚ ਸਾਇੰਸ ਵਿਸ਼ੇ ਦੀ ਸਿੱਖਿਆ ਦਾ ਮਿਆਰ ਉੱਚਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਬੱਸ ਨਾ ਕੇਵਲ ਵਿਦਿਆਰਥੀਆਂ ਲਈ ਬਲਕਿ ਹਰ ਵਿਅਕਤੀ ਦੇ ਗਿਆਨ 'ਚ ਵਾਧਾ ਕਰਨ ਅਤੇ ਵਹਿਮਾਂ-ਭਰਮਾਂ ਨੂੰ ਦੂਰ ਕਰਕੇ ਉਨ੍ਹਾਂ 'ਚ ਵਿਗਿਆਨਕ ਸੋਚ ਪੈਦਾ ਕਰਨ ਲਈ ਅਤੀ ਸਹਾਈ ਸਿੱਧ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ' ਮੋਬਾਈਲ ਸਾਇੰਸ ਪ੍ਰਦਰਸ਼ਨੀ ਬੱਸ ' ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੋਸਾ ਪਾਂਡੋਂ, 9 ਫਰਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਾਲਾ (ਮੁੰਡੇ), 10 ਫਰਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਅਤੇ 11 ਫਰਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਕਰੀ ਕਲਾਂ ਪਹੁੰਚੇਗੀ। ਇਸ 'ਮੋਬਾਈਲ ਪ੍ਰਦਰਸ਼ਨੀ' ਵਾਲੀ ਬੱਸ ਦੇ ਸਕੂਲ ਵਿੱਚ ਪੜਾਅ ਦੌਰਾਨ ਲਾਗਲੇ ਸਕੂਲਾਂ ਦੇ ਵਿਦਿਆਰਥੀ ਵੀ ਸਾਇੰਸ ਸਿਟੀ ਵੱਲੋਂ ਵਿਕਸਤ ਸਾਇੰਸ ਪ੍ਰੋਜੈਕਟ ਦੇਖ ਸਕਣਗੇ ਅਤੇ ਪੈਦਾ ਹੋਈ ਜਗਿਆਸਾ ਲਈ ਮਾਹਿਰ ਅਧਿਆਪਕ, ਵਿਦਿਆਰਥੀਆਂ ਨਾਲ ਮੌਕੇ 'ਤੇ ਸੰਵਾਦ ਰਚਾ ਸਕਣਗੇ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ: ਬਲਦੇਵ ਸਿੰਘ ਨੇ ਦੱਸਿਆ ਕਿ ਇਸ ਬੱਸ ਵਿੱਚ ਵਿਗਿਆਨ ਦੀ ਅਦਭੁਤ ਖੋਜਾਂ ਦੇ ਨਾਲ ਆਮ ਜਾਣਕਾਰੀ ਲਈ ਬਹੁਤ ਕੁੱਝ ਵੇਖਣ ਅਤੇ ਸਿੱਖਣ ਲਈ ਹੈ। ਇਸ ਬੱਸ ਦੇ ਅੰਦਰ ਸਰੀਰਕ ਰਚਨਾ ਦਾ ਵਿਗਿਆਨ, ਕੰਮ ਕਰਦਾ ਮਨੁੱਖੀ ਦਿਲ, ਪਾਚਣ ਪ੍ਰਨਾਲੀ, ਸਾਹ ਕਿਰਿਆ, ਅੱਖਾਂ ਵਿਚਲੀ ਕਾਰਜ ਪ੍ਰਨਾਲੀ ਦੇ ਕੰਮ ਕਰਦੇ ਮਾਡਲ ਨਾਲ ਸਰਲ ਤਰੀਕੇ ਨਾਲ ਜਾਣਕਾਰੀ ਦਿੱਤੀ ਗਈ ਹੈ। ਇਸ ਵਿੱਚ ਪੁਲਾੜ ਦੀ ਸੈਰ, ਤਾਰਾ ਮੰਡਲ ਦਾ ਗਿਆਨ ਅਤੇ ਟੈਲੀਸਕੋਪ ਰਾਹੀਂ ਚਾਂਦਨੀ ਰਾਤ ਨੂੰ ਤਾਰਿਆਂ ਭਰੇ ਆਕਾਸ਼ ਨੂੰ ਵੇਖਣ ਦਾ ਅਲੱਗ ਹੀ ਨਜ਼ਾਰਾ ਹੈ।

-------

ਨੰ: ਪੀ.ਆਰ(ਪ੍ਰੈ ਰੀ)2016/66

ਤਸਵੀਰਾਂ ਨੱਥੀ ਹਨ ਜੀ


A JOINT PROJECT OF
GOVT. OF INDIA & PUNJAB GOVT.



